ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/88360-88394
ਮਿਤੀ,ਚੰਡੀਗੜ੍ਹ 10-10-2011

ਵਿਸ਼ਾ :- ਮਿਤੀ 13-10-2011 ਨੂੰ ਖੇਤਾਂ ਤੇ ਵੱਢਾ ਨੂੰ ਸਾੜ ਕੇ ਪ੍ਰਦੂਸ਼ਣ ਕਰਨ ਵਿਰੁੱਧ ਚੇਤਨਾ ਮੁਹਿੰਮ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਖੇਤੀਬਾੜੀ ਪ੍ਰਧਾਨ ਰਾਜ ਹੈ ਜਿਸ ਨੂੰ ਸਮੁੱਚੇ ਦੇਸ਼ ਦਾ ਅੰਨਦਾਤਾ ਮੰਨਿਆ ਜਾਂਦਾ ਹੈ ਪਰ ਰਾਜ ਵਿੱਚ ਲਗਭਗ ਹਰ ਸਾਲ 20 ਲੱਖ ਟਨ ਝੋਨੇ ਦੀ ਨਾੜ ਨੂੰ ਅਕਤੂਬਰ-ਨਵੰਬਰ ਦੇ ਮਹੀਨੇ ਵਿੱਚ ਅੱਗ ਲਗਾ ਕੇ ਸਾੜ ਦਿੱਤਾ ਜਾਂਦਾ ਹੈ। ਜਿਸ ਨਾਲ ਬਹੁਤ ਵੱਡੇ ਪੱਧਰ ਤੇ ਪ੍ਰਦੂਸ਼ਣ ਫੈਲਣ ਦੇ ਨਾਲ ਨਾਲ, ਖੇਤਾਂ ਵਿੱਚ ਪਏ ਲੋੜੀਂਦੇ ਕੁਦਰਤੀ ਤੱਤ ਵੀ ਸੜ ਜਾਂਦੇ ਹਨ ਅਤੇ ਧਰਤੀ ਦੀ ਉਪਰਲੀ ਪਰਤ ਵਿੱਚ ਪਲ ਰਹੇ ਮਿੱਤਰ ਕੀੜੇ-ਮਕੌੜੇ ਵੀ ਨਾਲ ਹੀ ਸੜ ਜਾਂਦੇ ਹਨ। ਜੋ ਕਿ ਪੰਜਾਬ ਦੀ ਆਬੋ ਹਵਾ ਲਈ ਇੱਕ ਗੰਭੀਰ ਸਮੱਸਿਆ ਪੈਦਾ ਕਰ ਰਹੀ ਹੈ।

3.0 ਇਸ ਪ੍ਰਤੀ ਵਿਆਪਕ ਪੱਧਰ ਤੇ ਕਿਸਾਨ ਵਰਗ, ਆਮ ਲੋਕ ਅਤੇ ਵਿਦਿਆਰਥੀ ਵਰਗ ਨੂੰ ਚੇਤੰਨ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਅਹਿਮ ਕਦਮ ਚੁੱਕੇ ਜਾ ਰਹੇ ਹਨ। ਜਿਸ ਤਹਿਤ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਮੂਹ ਪੰਜਾਬ ਵਿੱਚ ਮਿਤੀ 13-10-2011 ਨੂੰ ਸਮੂਹ ਸਕੂਲ ਮਿਡਲ/ਹਾਈ/ਸੀਨੀਅਰ ਸੈਕੰਡਰੀ ਦੇ ਵਿਦਿਆਰਥੀਆਂ ਰਾਹੀਂ ਚੇਤਨਤਾ ਰੈਲੀ ਕੱਢਣ ਦਾ ਫੈਸਲਾ ਲਿਆ ਗਿਆ ਹੈ। ਜਿਸ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।

ਚਲਦਾ ਪੰਨਾ...........

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਮਿਤੀ 13-10-2011 ਨੂੰ ਸਵੇਰ ਦੀ ਸਭਾ ਵਿੱਚ ਉਕਤ ਵਿਸ਼ੇ (ਪੱਤਰ ਨਾਲ ਨੱਥੀ ਹੈ) ਸਬੰਧੀ ਸਾਰੇ ਵਿਦਿਆਰਥੀ ਵਰਗ ਨੂੰ ਪੂਰੀ ਤਰ੍ਹਾਂ, ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਸੰਦੇਸ਼ਵਾਹਕ ਦੀ ਤਰ੍ਹਾਂ ਆਪਣੇ ਆਲੇ ਦੁਆਲੇ ਦੇ ਲੋਕਾਂ ਵਿੱਚ ਇਸ ਗੰਭੀਰ ਸਮੱਸਿਆ ਬਾਰੇ ਚੇਤਨਤਾ ਫੈਲਾਅ ਸਕਣ।

5.0 ਇਸ ਤੋਂ ਤੁਰੰਤ ਬਾਅਦ ਪਹਿਲੇ ਦੋ ਪੀਰੀਅਡਾਂ ਵਿੱਚ (9:30 ਤੋਂ 11:00 ਵਜੇ ਤੱਕ) ਆਪਣੇ ਸਕੂਲ ਦੇ ਆਲੇ ਦੁਆਲੇ ਪੈਂਦੇ ਪੇਂਡੂ/ਸ਼ਹਿਰੀ ਆਵਾਸ ਖੇਤਰਾਂ ਵਿੱਚ ਚੇਤਨਤਾ ਰੈਲੀਆਂ ਕੱਢੀਆਂ ਜਾਣ।

6.0 ਇਸ ਗੰਭੀਰ ਸਮੱਸਿਆ ਪ੍ਰਤੀ ਜਾਗਰਤੀ ਫੈਲਾਉਣ ਲਈ ਉਚਿਤ ਬੈਨਰ, ਉਚਿਤ ਸਲੋਗਨ ਲਿਖੇ ਵਿਦਿਆਰਥੀਆਂ ਨੂੰ ਹੱਥ ਵਿੱਚ ਫੜਾਉਣ ਲਈ ਤਖਤੀਆਂ ਤਿਆਰ ਕਰਵਾਈਆਂ ਜਾਣ। ਜਿਸ ਲਈ ਪੰਜਾਬ ਸਰਕਾਰ ਵੱਲੋਂ ਪ੍ਰਤੀ ਸਕੂਲ 500/-ਰੁਪਏ ਦਿੱਤੇ ਜਾਣਗੇ।

7.0 ਵਧੇਰੇ ਜਾਣਕਾਰੀ ਅਤੇ ਉਚਿਤ ਸਹਿਯੋਗ ਲਈ ਸਬੰਧਤ ਜ਼ਿਲ੍ਹੇ ਦੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਨਾਲ ਸੰਪਰਕ ਕੀਤਾ ਜਾਵੇ।

8.0 ਇਸ ਚੇਤਨਤਾ ਰੈਲੀ ਦਾ ਨੋਡਲ ਅਫ਼ਸਰ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ।

ਨੱਥੀ/ਪੱਤਰ ਦੀ ਕਾਪੀ

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਪਿ.ਅੰ.ਨੰ:ਸਸਅ/ਐਮਸੀ/2011/ ਮਿਤੀ,ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਚੇਅਰਮੈਨ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਨਾਭਾ ਰੋਡ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਕੇ. ਐਸ. ਪੰਨੂ, ਆਈ.ਏ.ਐਸ
ਚੇਅਰਮੈਨ

ਦਫ਼ਤਰ : 0175-2215793
ਫੈਕਸ ਨੰ. : 0175-2215636
ਈ-ਮੇਲ : chairmanppcb@yahoo.com
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਨਾਭਾ ਰੋਡ, ਪਟਿਆਲਾ - 147 001 (ਪੰਜਾਬ)

ਅਰਧ ਸਰਕਾਰੀ ਲੈਟਰ PS/PPC 8/11

ਮਿਤੀ 03/10/2011

ਦ: ਪ੍ਰਮੁੱਖ ਸਕੱਤਰ
ਸਕੂਲ ਸਿੱਖਿਆ, ਪੰਜਾਬ
ਫਾਇਲ ਨੰ: 4749
ਪ੍ਰਾਪਤੀ ਦੀ ਮਿਤੀ
ਭੇਜਣ ਦੀ ਮਿਤੀ 5/10/11

ਵਿਸ਼ਾ : ਖੇਤਾਂ ਦੇ ਵੱਢਾਂ ਨੂੰ ਸਾੜਕੇ ਪ੍ਰਦੂਸ਼ਣ ਕਰਨ ਵਿਰੁੱਧ ਚੇਤਨਾ ਮੁਹਿੰਮ ।

ਜਿਵੇ ਕਿ ਆਪ ਜੀ ਨੂੰ ਪਤਾ ਹੈ ਕਿ ਪੰਜਾਬ ਵਿੱਚ ਲਗਭਗ 20 ਲੱਖ ਟਨ ਝੋਨੇ ਦੀ ਨਾੜ ਨੂੰ ਅਕਤੂਬਰ-ਨਵੰਬਰ ਦੇ ਮਹੀਨੇ ਵਿੱਚ ਅੱਗ ਲਾਕੇ ਖੇਤਾਂ ਵਿੱਚ ਸਾੜ ਦਿੱਤਾ ਜਾਂਦਾ ਹੈ, ਜਿਸ ਨਾਲ ਰਾਜ ਵਿੱਚ ਬਹੁਤ ਵੱਡੇ ਪੱਧਰ ਤੇ ਪ੍ਰਦੂਸ਼ਣ ਫੈਲਦਾ ਹੈ। ਇਹਨਾਂ ਝੋਨੇ ਦੇ ਵੱਢਾਂ ਨੂੰ ਅੱਗ ਲਾਉਣ ਨਾਲ ਜਿੱਥੇ ਖੇਤਾਂ ਵਿੱਚ ਪਏ ਬੇਸ਼ਕੀਮਤੀ ਕੁਦਰਤੀ ਤੱਤ ਸੜ ਜਾਂਦੇ ਹਨ, ਉੱਥੇ ਧਰਤੀ ਦੀ ਉਪਰਲੀ ਪਰਤ ਵਿੱਚ ਪਲ ਰਹੇ ਮਿੱਤਰ ਕੀੜੇ-ਮਕੋੜੇ ਵੀ ਖਤਮ ਹੋ ਜਾਂਦੇ ਹਨ । ਇਸ ਤਰ੍ਹਾਂ ਖੇਤਾਂ ਵਿੱਚ ਵੱਢਾਂ ਨੂੰ ਸਾੜਨ ਨਾਲ ਜੋ ਜਹਿਰਾਂ ਭਰਿਆ ਧੂੰਆਂ ਪੈਦਾ ਹੁੰਦਾ ਹੈ, ਉਸ ਨਾਲ ਪੰਜਾਬ ਦੀ ਆਬੋ-ਹਵਾ ਪੂਰੀ ਤਰਾਂ ਪਲੀਤੀ ਜਾਂਦੀ ਹੈ। ਇਸ ਵਿਸ਼ੇ ਤੇ ਵਿਸਥਾਰਪੂਰਵਕ ਨੋਟ ਇਸ ਪੱਤਰ ਨਾਲ ਆਪਜੀ ਦੀ ਜਾਣਕਾਰੀ ਹਿੱਤ ਨੱਥੀ ਕੀਤਾ ਜਾਂਦਾ ਹੈ।

ਉਕਤ ਦੱਸੀ ਔਕੜ ਨੂੰ ਦੂਰ ਕਰਨ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋ ਕਾਰਵਾਈ ਕੀਤੀ ਜਾਂਦੀ ਹੈ, ਜਿਸ ਤਰਾਂ ਕਿ ਜਿਲ੍ਹਾਂ ਮੈਜਿਸਟ੍ਰੇਟਾਂ ਵੱਲੋ ਖੇਤਾਂ ਨੂੰ ਅੱਗ ਲਾਉਣ ਤੋ ਰੋਕਣ ਲਈ ਸੀ.ਆਰ.ਪੀ.ਸੀ. ਦੀ ਧਾਰਾ 144 ਲਗਾਈ ਜਾਂਦੀ ਹੈ ਅਤੇ ਇਸ ਦੇ ਆਧਾਰ ਤੇ ਕਾਰਵਾਈ ਕੀਤੀ ਜਾਂਦੀ ਹੈ। ਖੇਤੀਬਾੜੀ ਵਿਭਾਗ ਵੱਲੋ ਕਿਸਾਨਾਂ ਨੂੰ ਨਾੜ ਸਾੜਨ ਦੇ ਖਤਰਿਆਂ ਤੋ ਸਮੇਂ-ਸਮੇ ਤੇ ਕੈਂਪ ਲਾ ਕੇ ਜਾਣੂ ਕਰਵਾਇਆ ਜਾਂਦਾ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਅਤੇ ਜੰਗਲਾਤ ਵਿਭਾਗ ਵੱਲੋ ਵੀ ਜਿਲਾ ਪੱਧਰ ਤੇ ਇਸ ਸਬੰਧੀ ਕਾਰਵਾਈ ਕੀਤੀ ਜਾਂਦੀ ਹੈ।

ਉਕਤ ਹਾਲਾਤ ਦੇ ਮੱਦੇਨਜਰ ਇਹ ਵਿਚਾਰਿਆ ਗਿਆ ਹੈ ਕਿ ਪੰਜਾਬ ਵਿੱਚ ਉਕੱਤ ਸਮੱਸਿਆ ਬਾਰੇ ਚੇਤਨਾ ਪੈਦਾ ਕਰਨ ਲਈ ਬਹੁਤ ਵੱਡੇ ਪੱਧਰ ਤੇ ਮੁਹਿੰਮ ਚਲਾਈ ਜਾਵੇ, ਜਿਸ ਵਿੱਚ ਪੰਜਾਬ ਦੇ ਸਕੂਲਾਂ ਦੇ ਸਾਰੇ ਬੱਚੇ ਸ਼ਾਮਲ ਹੋਣ । ਇਸ ਮੁਹਿੰਮ ਤਹਿਤ ਮਿਤੀ 13 ਅਕਤੂਬਰ, 2011 ਨੂੰ ਸਵੇਰੇ 09.00 ਵਜੇ ਤੋ 11.00 ਵਜੇ ਤੱਕ ਬੱਚਿਆਂ ਕੋਲੋ ਸਕੂਲਾਂ ਦੇ ਨੇੜੇ ਦੇ ਖੇਤਰ ਵਿੱਚ ਇਸ ਹਵਾ ਪ੍ਰਦੂਸ਼ਣ ਖਿਲਾਫ ਹੱਥਾਂ ਵਿੱਚ ਬੈਨਰ/ਕਾਰਡ ਫੜਕੇ ਮਾਰਚ ਕੀਤਾ ਜਾਵੇ, ਜਿਹਨਾਂ ਰਾਹੀ ਕਿਸਾਨਾਂ ਨੂੰ ਅਪੀਲ ਕੀਤੀ ਜਾਵੇ ਕਿ ਉਹ ਖੇਤਾਂ ਦੇ ਵੱਢਾਂ ਨੂੰ ਅੱਗ ਲਗਾਕੇ ਵਾਤਾਵਰਣ ਨੂੰ ਪਲੀਤ ਨਾ ਕਰਨ। ਇਸੇ ਦਿਨ ਪੰਜਾਬ ਵਿੱਚ ਕੰਮ ਕਰਦੀਆਂ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਨੂੰ ਵੀ ਸ਼ਹਿਰਾਂ ਵਿੱਚ ਇਸੇ ਤਰ੍ਹਾਂ ਦੇ ਮਾਰਚ ਕਰਨ ਲਈ ਕਿਹਾ ਜਾ ਰਿਹਾ ਹੈ । ਸੀ.ਬੀ.ਐਸ.ਈ. ਦੇ ਅਧੀਨ ਸਕੂਲਾਂ ਵਿੱਚ ਇਹ ਮੁਹਿੰਮ ਚਲਾਉਣ ਲਈ

ਸੀ.ਬੀ.ਐਸ.ਈ. ਨਾਲ ਰਾਬਤਾ ਕੀਤਾ ਜਾ ਰਿਹਾ ਹੈ ।

ਜਿਲ੍ਹਾਂ ਪੱਧਰ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ, ਡੀ.ਈ.ਓ. (ਸੈਕੰਡਰੀ) ਅਤੇ ਡੀ.ਈ.ਓ. (ਐਲੀਮੈਂਟਰੀ) ਨਾਲ ਰਲਕੇ ਇਸ ਮੁਹਿੰਮ ਬਾਰੇ ਤਾਲਮੇਲ ਕਰ ਸਕਦੇ ਹਨ ।

ਇਸ ਕੰਮ ਲਈ ਆਪ ਜੀ ਦੀ ਪ੍ਰੇਰਣਾ ਅਤੇ ਸੇਧ ਅਤਿ ਲੋੜੀਦੀ ਹੈ, ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਸਕੂਲੀ ਸਿਖਿਆ ਵਿਭਾਗ ਵੱਲੋ ਸਬੰਧਤ ਅਧਿਕਾਰੀਆਂ ਨੂੰ ਇਸ ਮੁਹਿੰਮ ਨੂੰ ਨੇਪਰੇ ਚਾੜਨ ਲਈ ਹਦਾਇਤਾਂ ਜਾਰੀ ਕੀਤੇ ਜਾਣ ਦੀ ਖੇਚਲ ਕੀਤੀ ਜਾਵੇ ।

O/C ( ਕੇ.ਐਸ. ਪੰਨੂ )

ਸ੍ਰੀ ਹੁਸਨ ਲਾਲ, ਆਈ.ਏ.ਐਸ.,
ਸਕੱਤਰ,
ਸਕੂਲੀ ਸਿੱਖਿਆ ਵਿਭਾਗ,
ਪੰਜਾਬ ਸਰਕਾਰ,
ਚੰਡੀਗੜ੍ਹ ।

ਨੰ: PS/PPCB/117 ਮਿਤੀ: 03/10/2011

ਉਪਰੋਕਤ ਦਾ ਉਤਾਰ ਡਾਇਰੈਕਟਰ ਜਨਰਲ, ਸਕੂਲ ਐਜੂਕੇਸ਼ਨ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

O/C ( ਕੇ.ਐਸ. ਪੰਨੂ )

# ਪੰਜਾਬ ਵਿੱਚ ਖੇਤਾਂ ਦੇ ਵੱਢਾਂ ਨੂੰ ਅੱਗ - ਧਿਆਨ ਮੰਗਦੇ ਤੱਥ

- ਪੰਜਾਬ ਵਿੱਚ ਤਕਰੀਬਨ 65 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਖੇਤੀ ਹੁੰਦੀ ਹੈ ।
- ਇੱਕ ਕਿੱਲੇ ਵਿੱਚ 2.5 ਤੋ 3.0 ਟਨ ਪਰਾਲੀ ਪੈਦਾ ਹੁੰਦੀ ਹੈ ।
- ਇੱਕ ਕਿੱਲੇ ਦੀ ਪਰਾਲੀ ਸਾੜਨ ਨਾਲ ਤਕਰੀਬਨ 32 ਕਿਲੋ ਯੂਰੀਆ, 5.5 ਕਿਲੋ ਡੀ.ਏ.ਪੀ ਅਤੇ 51 ਕਿਲੋ ਪੋਟਾਸ਼ ਖਾਦ ਸੜ ਜਾਂਦੀ ਹੈ ।
- ਪਰਾਲੀ ਸਾੜਨ ਨਾਲ ਪੰਜਾਬ ਦੇ ਕਿਸਾਨਾਂ ਦਾ ਸਿੱਧੇ ਤੌਰ ਤੇ ਤਕਰੀਬਨ 500 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ।
- ਪਰਾਲੀ ਨੂੰ ਸਾੜਨ ਨਾਲ ਫਸਲਾਂ ਦੇ ਵੱਧਣ-ਫੁੱਲਣ ਲਈ ਲੋੜੀਂਦਾ ਮੱਲੜ ਅਤੇ 38 ਲੱਖ ਟਨ ਆਰਗੇਨਿਕ ਕਾਰਬਨ ਸੜ ਜਾਂਦੇ ਹਨ, ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਝੋਨੇ ਨੂੰ ਪੈਦਾ ਕਰਨ ਲਈ ਖੇਤਾਂ ਵਿੱਚ ਪਾਈ ਇੱਕ ਤਿਹਾਈ ਨਾਈਟਰੋਜਨ ਤੇ ਸਲਫਰ, 75 ਫੀਸਦੀ ਪੋਟਾਸ਼ ਅਤੇ 25 ਫੀਸਦੀ ਫਾਸਫੋਰਸ ਝੋਨੇ ਦੀ ਨਾੜ ਵਿੱਚ ਰਹਿੰਦੀ ਹੈ ਅਤੇ ਇਸ ਨਾੜ ਨੂੰ ਅੱਗ ਲਾਉਣ ਉਪਰੰਤ ਇਹ ਤੱਤ ਆਕਸੀਜਨ ਦੀ ਮੌਜੂਦਗੀ ਵਿੱਚ ਅੱਗ ਨਾਲ ਕਿਰਿਆ ਕਰਕੇ ਜਹਿਰੀਲੇ ਆਕਸਾਈਡਾਂ ਦੇ ਰੂਪ ਵਿੱਚ ਵਾਤਾਵਰਣ ਗੰਧਲਾ ਕਰਦੇ ਹਨ ।
- ਝੋਨੇ ਦੀ ਨਾੜ ਦੇ ਧੂੰਏ ਤੋ ਪੈਦਾ ਹੋਈ ਜਹਿਰੀਲੀ ਗੈਸ ਕਾਰਬਨਮੋਨੋਅਕਸਾਈਡ, ਲਾਲ ਕਣਾਂ ਨਾਲ ਕਿਰਿਆ ਕਰਕੇ ਖੂਨ ਦੀ ਆਕਸੀਜਨ ਲੈ ਜਾਣ ਦੀ ਸਮਰੱਥਾ ਘਟਾਂਉਦੀ ਹੈ। ਕਾਰਬਨ ਡਾਈਅਕਸਾਈਡ ਅੱਖਾਂ ਅਤੇ ਸਾਹ ਨਲੀ ਵਿੱਚ ਜਲਣ ਪੈਦਾ ਕਰਦੀ ਹੈ। ਸਲਫਰ ਡਾਈਅਕਸਾਈਡ ਅਤੇ ਨਾਈਟਰੋਜਨ ਦੇ ਅਕਸਾਈਡ ਫੇਫੜਿਆਂ, ਖੂਨ, ਚਮੜੀ ਅਤੇ ਸਾਂਹ ਕਿਰਿਆ ਤੇ ਸਿੱਧਾ ਅਸਰ ਕਰਦੇ ਹਨ ਜੋ ਕਿ

ਕੈਂਸਰ ਵਰਗੀਆਂ ਨਾ-ਮੁਰਾਦ ਬਿਮਾਰੀਆ ਪੈਦਾ ਕਰ ਸਕਦੇ ਹਨ।

- ਜਹਿਰੀਲੀਆ ਗੈਸਾਂ ਦਾ ਸਭ ਤੋ ਵੱਧ ਅਸਰ ਬੱਚਿਆ ਤੇ ਹੁੰਦਾ ਹੈ ਕਿਉਕਿ ਬੱਚਿਆਂ ਦੀ ਮੈਟਾਬੋਲਿਕ ਐਕਟੀਵਿਟੀ ਤੇਜ ਹੋਣ ਕਾਰਨ ਉਨ੍ਹਾਂ ਵਿੱਚ ਗੈਸਾਂ ਨੂੰ ਸਮੋਹਣ ਦੀ ਸਮਰੱਥਾ ਜਿਆਦਾ ਹੁੰਦੀ ਹੈ ।
- ਇਸ ਧੂੰਏ ਦੀਆਂ ਜਹਿਰੀਲੀਆਂ ਗੈਸਾਂ ਗਰਭਪਤੀ ਮਹਿਲਾਵਾਂ ਅਤੇ ਗਰਭ ਵਿੱਚ ਪਲ ਰਹੇ ਬੱਚੇ ਤੇ ਮਾਰੂ ਅਸਰ ਕਰਦੀਆਂ ਹਨ ।
- ਅੱਗ ਲਾਉਣ ਨਾਲ ਜਮੀਨ ਦੀ ਤਹਿ ਤੇ ਮੌਜੂਦਾ ਸਾਰੇ ਕਾਰਬਨ ਤੱਤ ਅਤੇ ਅ-ਕਾਰਬਨ ਤੱਤ ਅਲੋਪ ਹੋ ਜਾਂਦੇ ਹਨ ਅਤੇ ਕਿਸਾਨ ਦੇ ਮਿੱਤਰ ਕੀੜੇ, ਬੈਕਟੀਰੀਆ, ਉਲੀ, ਕਾਈ, ਮਹੀਨ ਕੀੜੇ ਅੱਗ ਵਿੱਚ ਝੁਲਸ ਕੇ ਮਿੰਟਾਂ ਸਕਿੰਟਾਂ ਵਿੱਚ ਖਤਮ ਹੋ ਜਾਂਦੇ ਹਨ ।
- ਇੱਕ ਅੰਦਾਜੇ ਮੁਤਾਬਿਕ ਝੋਨੇ ਦੇ ਖੇਤਾਂ ਵਿੱਚ ਲੱਗੀ ਅੱਗ ਦੇ ਧੂੰਏ ਵਿੱਚੋ ਤਕਰੀਬਨ 26 ਲੱਖ ਟਨ ਕਾਰਬਨ ਮੋਨੋਆਕਸਾਈਡ, 20 ਹਜਾਰ ਟਨ ਨਾਈਟਰਸ ਅਕਸਾਈਡ, 3 ਹਜਾਰ ਟਨ ਮਿਥੇਨ, 30 ਹਜਾਰ ਟਨ ਮਹੀਨ ਪਾਰਟੀਕਲ ਅਤੇ 28 ਹਜਾਰ ਟਨ ਅੱਤ-ਮਹੀਨ ਪਾਰਟੀਕਲ ਵਾਤਾਵਰਣ ਵਿੱਚ ਮਿਲਦੇ ਹਨ । ਇਹ ਗੈਸਾਂ ਅਤੇ ਕਣ ਧਰਤੀ ਤੇ ਜੀਵਨ ਲਈ ਬਹੁਤ ਹੀ ਹਾਨੀਕਾਰਕ ਹਨ ।
- ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਕੀਤੇ ਅਧਿਐਨ ਮੁਤਾਬਿਕ ਝੋਨੇ ਦੇ ਵੱਢਾਂ ਨੂੰ ਅੱਗ ਲਾਉਣ ਦੇ ਦਿਨਾਂ ਵਿੱਚ ਸ਼ਾਹ ਨਾਲ ਅੰਦਰ ਜਾਣ ਵਾਲੇ ਮਹੀਨ ਧੂੜ ਕਣਾਂ ਦੀ ਤਦਾਦ 425 ਮੀਲੀਗ੍ਰਾਮ ਪ੍ਰਤੀ ਘਣ ਮੀਟਰ ਪਾਈ ਗਈ ਹੈ ਜਦ ਕਿ ਇਹ ਤਦਾਦ ਆਮ ਹਾਲਾਤਾ ਵਿੱਚ 60 ਮੀਲੀਗ੍ਰਾਮ ਪ੍ਰਤੀ ਘਣ ਮੀਟਰ ਨਿਰਧਾਰਤ ਕੀਤੀ ਗਈ ਹੈ।
- ਇਨ੍ਹਾਂ ਸੂਖ਼ਮ ਕਣਾਂ ਦੇ ਸਾਹ ਵਿੱਚ ਜਾਣ ਨਾਲ ਸਾਹ ਦੀਆਂ ਬਿਮਾਰੀਆਂ ਜਿਵੇ ਦਮਾ, ਖੰਘ, ਫੇਫੜਿਆਂ ਦੇ ਕੈਂਸਰ,

ਸਾਹ ਨਾਲੀ ਦੀ ਸੋਜ ਹੋ ਜਾਂਦੀਆਂ ਹਨ ਜਿਨ੍ਹਾਂ ਦੇ ਇਲਾਜ ਲਈ ਤਾ-ਉਮਰ ਦਵਾਈ ਖਾਣੀ ਪੈਂਦੀ ਹੈ ।

- ਇਹ ਅੱਗ ਸਾਡੇ ਘਰਾਂ, ਪਿੰਡਾਂ ਅਤੇ ਸ਼ਹਿਰਾਂ ਤੱਕ ਪਹੁੰਚ ਕੇ ਵੱਡਾ ਨੁਕਸਾਨ ਕਰ ਸਕਦੀ ਹੈ ।
- ਇਸ ਅੱਗ ਤੋ ਪੈਦਾ ਹੋਏ ਧੂੰਏ ਕਾਰਨ ਟਰੈਫਿਕ ਐਕਸੀਡੈਂਟ ਹੋ ਜਾਂਦੇ ਹਨ ਜਿਨ੍ਹਾਂ ਵਿੱਚ ਆਰਥਿਕ ਨੁਕਸਾਨ ਦੇ ਨਾਲ-ਨਾਲ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ।